Weekly

# CANADA SIKH TIMES

18 - 24 May 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 20

• RELIGION • CULTURE • HERITAGE • BUSINESS

## ਪ੍ਰੋ. ਜਗਦੀਪ ਸਿੰਘ ਬਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ



ਪੰਜਾਬ ਸਰਕਾਰ ਨੇ ਪ੍ਰੋ. ਜਗਦੀਪ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਾਈਸ ਚਾਂਸਲਰ ਨਿਯੁਕਤ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਇਸ ਵੇਲੇ ਪੰਜਾਬੀ ਯੂਨੀਵਰਸਿਟੀ ਵਿਚ ਜੀਐਨਡੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਕੋਲ ਵਾਧੂ ਚਾਰਜ ਹੈ। ਪ੍ਰੋ. ਜਗਦੀਪ ਸਿੰਘ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਮੁਹਾਲੀ ਦੇ ਰਜਿਸਟਰਾਰ ਹਨ। ਆਈਆਈਐਸਈਆਰ ਮੁਹਾਲੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਉੱਚ ਸਿੱਖਿਆ ਵਿਭਾਗ ਵਿੱਚ ਡਾਇਰੈਕਟਰ, ਐਡੀਸ਼ਨਲ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਚੀਫ਼ ਵਿਜੀਲੈਂਸ ਅਫ਼ਸਰ ਵਜੋਂ ਵੱਖ-ਵੱਖ ਅਹੁਦਿਆਂ ’ਤੇ ਸੇਵਾ ਨਿਭਾਈ। ਉਹ ਚਾਰ ਸਾਲ ਕੇਂਦਰੀ ਯੂਨੀਵਰਸਿਟੀ ਆਫ਼ ਪੰਜਾਬ ਦੇ ਰਜਿਸਟਰਾਰ ਰਹੇ ਅਤੇ ਆਪ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਿੱਚ ਬਾਇਓਟੈਕਨਾਲੋਜੀ ਦੇ ਸਲਾਹਕਾਰ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਜੀਵ ਵਿਗਿਆਨ ਵਿੱਚ ਪੀਐਚ.ਡੀ. ਪ੍ਰੋ. ਸਿੰਘ ਨੇ ਅਣੂ ਜੀਵ ਵਿਗਿਆਨ ਵਿੱਚ ਪੋਸਟ-ਡਾਕਟਰੇਟ ਕੀਤੀ ਹੈ।

## ਰਾਜਪ੍ਰੀਤ ਸਿੰਘ ਬਣਿਆ 43ਵੀਂ ‘CAGP ਚੈਂਪੀਅਨਸ਼ਿਪ-2025’ ਦਾ ਚੈਂਪੀਅਨ



ਖੇਡ ਜਗਤ ਵਿੱਚ ਆਮ ਕਰਕੇ ਅਤੇ ਪੰਜਾਬੀ ਕਮਿਊਨਿਟੀ ਵਿੱਚ ਖ਼ਾਸ ਤੌਰ ’ਤੇ ਇਹ ਖ਼ਬਰ ਬੜੇ ਚਾਅ ਤੇ ਉਤਸ਼ਾਹ ਨਾਲ ਸੁਣੀ ਜਾਏਗੀ ਕਿ ਕਮਿਊਨਿਟੀ ਦਾ ਹੋਣਹਾਰ ‘ਸ਼ੂਟਰ’ ਰਾਜਪ੍ਰੀਤ ਸਿੰਘ ਇੱਕ ਵਾਰ ਫਿਰ ‘43ਵੀਂ ਕੈਨੇਡੀਅਨ ਏਅਰ-ਗੰਨ ਗਰੈਂਡ ਪ੍ਰਿਕਸ ਇੰਟਰਨੈਸ਼ਨਲ ਚੈਂਪੀਅਨਸ਼ਿਪ-2025 ਦਾ ਚੈਂਪੀਅਨ ਬਣ ਗਿਆ ਹੈ। ਉਸਨੇ ਤੇ ਉਸਦੀ ਟੀਮ ਦੇ ਸਾਥੀਆਂ ਨੇ ਇਸ ਟੂਰਨਾਮੈਂਟ ਦੇ ਡਾਇਰੈਕਟਰ ਬਰੈਂਟ ਨੱਟਰਾਸ ਦੇ ਸ਼ੁਭ ਕਰ-ਕਮਲਾਂ ਹੱਥੋਂ ਆਪਣੇ ਗਲ਼ਾਂ ਵਿੱਚ ਸੋਨ-ਮੈਡਲ ਪੁਆ ਕੇ ਇਸ ਚੈਂਪੀਅਨਸ਼ਿੱਪ ਦੀਆਂ ਅਤੇ ਲੋਕਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਹਨ। ਇਹ ਚੈਂਪੀਅਨਸ਼ਿਪ ਓਨਟਾਰੀਓ ਪ੍ਰੋਵਿੰਸ ਦੇ ਸ਼ਹਿਰ ਕੁੱਕਸਵਿਲ ਟਾਊਨ ਵਿਖੇ 9,10 ਤੇ 11 ਮਈ ਸ਼ੁੱਕਰਵਾਰ, ਸ਼ਨੀਵਾਰ ਤੇ ਐਤਵਾਰ ਨੂੰ ਕਰਵਾਈ ਗਈ ਅਤੇ ਇਸ ਵਿੱਚ ਕੈਨੇਡਾ ਤੋਂ ਇਲਾਵਾ ਕਈ ਹੋਰ ਦੇਸ਼ਾਂ ਤੋਂ ਲੱਗਭੱਗ 150 ਸ਼ੂਟਰਾਂ ਨੇ ਭਾਗ ਲਿਆ। ਜ਼ਿਕਰਯੋਗ ਹੈ ਕਿ ‘ਸ਼ੂਟਿੰਗ ਫ਼ੈਡਰੇਸ਼ਨ ਆਫ਼ ਕੈਨੇਡਾ’ ਵੱਲੋਂ ਹਰ ਸਾਲ ਕਰਵਾਈ ਜਾਂਦੀ ਇਸ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਕੈਨੇਡਾ-ਭਰ ਅਤੇ ਹੋਰ ਦੇਸ਼ਾ ਤੋਂ ਵੀ ਸੈਂਕੜੇ ਸ਼ੂਟਰ ਭਾਗ ਲੈਂਦੇ ਹਨ।

## Celebrating Global Academic Excellence

### Honouring the Bright Minds of Tomorrow

A virtual felicitation ceremony was organized by Aao Baniye Gursikh Pyaara to honour the academically meritorious students of AnmolAkhar Parivaar from Classes 10 and 12 across the globe. This heartwarming event recognized the dedication, discipline, and scholastic achievements of young achievers. Each awardee received E-certificates and cash prizes as a token of encouragement and appreciation for their hard work and commitment to excellence.




The event was graciously hosted by S. Harjinder Singh Ji and beautifully concluded by S. Mohinder Singh Ji (Ranchi). Sdn. Mamta Kaur Ji coordinated the program efficiently, while Sdn. Paramdeep Kaur, who also served as the co-host and concept lead, played a key role in shaping the vision and flow of the event. The ceremony was further enriched by the inspiring presence of esteemed guests and speakers: S. Kuldeep Singh Ji Bagga (Continued on page 3)

DESH VIDESH

# ਗੁਰੂ ਨਾਨਕ ਜੀ ਦਾ ਪ੍ਰਕਾਸ਼: ਕੱਤਕ ਜਾਂ ਵੈਸਾਖ

ਕਾਬਲ ਸਿੰਘ (ਐਡਮਿੰਟਨ), ਬਿਜੈ ਸਿੰਘ (ਵਿੰਨੀਪੈਗ)

ਆਮ ਸਿੱਖ ਇਹੀ ਸਮਝਦੇ ਹਨ ਕਿ ਗੁਰੂ ਜੀ ਦਾ ਪ੍ਰਕਾਸ਼ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ ਸੀ। ਕਿਉਂਕਿ ਪ੍ਰਕਾਸ਼ ਦਿਵਸ ਬਹੁਤ ਗੁਰਦੁਆਰਿਆਂ, ਧਰਮ ਅਸਥਾਨਾਂ ਅਤੇ ਸਿੱਖਾਂ ਦੇ ਘਰਾਂ ਵਿਚ ਇਸ ਦਿਨ ਮਨਾਇਆ ਜਾਂਦਾ ਹੈ। ਮੂਲ ਨਾਨਕਸ਼ਾਹੀ ਤੇ ਈਸਵੀ ਕਲੰਡਰਾਂ ਵਿਚ ਹਰ ਸਾਲ ਤਰੀਕ ਬਦਲ ਜਾਂਦੀ ਹੈ। ਕੀ ਹਰ ਸਾਲ ਕਿਸੇ ਵਿਅਕਤੀ ਦੀ ਜਨਮ ਤਰੀਕ ਵੱਖਰੀ ਹੋਣੀ ਠੀਕ ਲੱਗਦੀ ਹੈ?

ਜੋਤੀ ਜੋਤ ਸਮਾਉਣ ਅਨੁਸਾਰ ਪ੍ਰਕਾਸ਼ ਦਿਵਸ: ਇਹ ਪ੍ਰਵਾਨਤ ਹੈ ਕਿ ਗੁਰੂ ਜੀ ਨੇ 70 ਸਾਲ 5 ਮਹੀਨੇਂ 7 ਦਿਨ ਸੱਚੀ ਪਾਤਸ਼ਾਹੀ ਕੀਤੀ ਅਤੇ ਅਸੂ 10, ਸੰਮਤ 1596 ਨੂੰ ਜੋਤੀ ਜੋਤ ਸਮਾਏ। ਜਨਮ ਸਾਖੀਆਂ ਵਿਚ ਜੋਤੀ ਜੋਤ ਦੀ ਤਰੀਕ 10 ਵਦੀ ਜਾਂ ਸੁਦੀ ਲਿਖੀ ਹੈ। ਦੋਵਾਂ ਵਿਚ 15 ਥਿੱਤਾਂ ਦਾ ਫਰਕ ਹੈ। ਅੱਸੂ 10 ਦੇ ਹਿਸਾਬ ਨਾਲ ਤਾਂ ਪ੍ਰਕਾਸ ਦਿਵਸ ਇਸ ਤਰ੍ਹਾਂ ਬਣਦਾ ਹੈ।

ਜੋਤੀ ਜੋਤ: 1596 ਸੰਮਤ, ਅਸੂ (6), ਤਰੀਕ 10
ਪਾਤਸ਼ਾਹੀ: 70 ਸਾਲ, 5 ਮਹੀਨੇਂ, 7 ਦਿਨ
ਪ੍ਰਕਾਸ਼: ਸੰਮਤ (1596-70) 1526, ਮਹੀਨਾ (6-5) ਵਿਸਾਖ (1), ਤਰੀਕ (10-7) 3

ਇਸ ਦਿਨ ਵੀ ਪੂਰਨਮਾਸ਼ੀ ਬਣਦੀ ਹੈ। ਅੱਸੂ ਸੁਦੀ ਤੇ ਵਦੀ ਕਾਰਨ ਵਿਸਾਖ ਵਿਚ 15 ਦਿਨ ਦਾ ਫਰਕ ਹੋ ਸਕਦਾ ਹੈ। ਪਰ ਕੱਤਕ ਪੂਰਨਮਾਸ਼ੀ ਕਿਸੇ ਵੀ ਤਰਾਂ ਨਹੀ ਹੋ ਸਕਦੀ।

ਹੋਰ ਸਰੋਤ:

- ਸ਼ੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ: ਗੁਰੂ ਨਾਨਕ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ। ਪਰ ਨਾਲ ਲਿਖਿਆ ਹੈ ਕਿ ਜਨਮ ਦਿਵਸ ਕੱਤਕ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ।
- ਮਹਾਨ ਕੋਸ਼: ਗੁਰੂ ਨਾਨਕ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ।
- ਮੂਲ ਨਾਨਕਸ਼ਾਹੀ ਕਲੰਡਰ: ਗੁਰੂ ਨਾਨਕ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ।
- ਵਿੱਕੀਪੀਡੀਆ: ਗੁਰੂ ਨਾਨਕ ਦੀ ਜਨਮ ਤਰੀਕ 15 ਅਪ੍ਰੈਲ 1469 ਲਿਖੀ ਹੈ, ਪਰ ਨਾਲ ਹੀ ਸਿੱਖ ਪ੍ਰੰਪਰਾ ਅਨੁਸਾਰ ਗੁਰੂ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਲਿਖਿਆ ਹੈ।
- ਜਨਮ ਸਾਖੀਆਂ: ਉਪਲਭਧ ਜਨਮ ਸਾਖੀਆਂ, ਇਕ ਤੇ ਉਸ ਤੇ ਅਧਾਰਤ ਸਾਖੀਆਂ ਤੋਂ ਬਿਨਾ, ਵਿਚ ਗੁਰੂ ਜੀ ਦਾ ਪ੍ਰਕਾਸ਼ ਵਿਸਾਖ ਵਿਚ ਲਿਖਿਆ ਹੈ।

ਗੁਰੂ ਅਮਰ ਦਾਸ ਜੀ ਵਲੋਂ ਵਿਸਾਖੀ ਮਨਾਉਣ ਦੀ ਪ੍ਰੰਪਰਾ ਦਾ ਅਰੰਭ ਅਤੇ ਦਸ਼ਮੇਸ਼ ਪਿਤਾ ਜੀ ਵਲੋਂ ਖਾਲਸਾ ਪੰਥ ਦੀ ਸਾਜਨਾ ਵਿਸਾਖੀ ਵਾਲੇ ਦਿਨ ਕਰਨ ਦਾ ਕਾਰਣ ਵੀ ਇਹੀ ਸੀ ਕਿ ਉਸ ਦਿਨ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ 1815 ਤੱਕ ਨਨਕਾਣਾ ਸਾਹਿਬ ਵਿਖੇ ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਵਿਚ ਹੀ ਮਨਾਇਆ ਜਾਂਦਾ ਸੀ। ਕੱਤਕ ਕਿ ਵਿਸਾਖ ਬਾਰੇ ਵਿਚਾਰ: ਸਾਖੀ ਦਾ ਅਰਥ ਕਿਸੇ ਵਲੋਂ ਅੱਖੀਂ ਡਿੱਠੇ ਬਿਰਤਾਂਤ ਦਾ ਲਿਖਤੀ ਰੂਪ ਹੁੰਦਾ ਹੈ। ਪਰ ਗੁਰੂ ਨਾਨਕ ਜੀ ਬਾਰੇ ਸਭ ਸਾਖੀਆਂ




ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਲਿਖੀਆਂ ਗਈਆਂ ਹਨ ਅਤੇ ਸਾਰੀਆਂ ਤੇ ਕਿੰਤੁ-ਪ੍ਰੰਤੂ ਕੀਤੇ ਗਏ ਹਨ। ਆਧੁਨਿਕ ਇਤਿਹਾਸਕਾਰ ਸਾਖੀਆਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ।

ਵਿਚਾਰਨ ਯੋਗ ਹੈ ਕਿ ਲਗਭਗ ਸਾਰੀਆਂ ਸਾਖੀਆਂ ਅਤੇ ਹੋਰ ਸਰੋਤਾਂ ਅਨੁਸਾਰ ਵਿਸਾਖ ਵਿਚ ਪ੍ਰਕਾਸ਼ ਦੀ ਗਵਾਹੀ ਹੋਣ ਤੇ ਵੀ ਪ੍ਰਕਾਸ਼ ਦਿਵਸ ਕੱਤਕ ਵਿਚ ਕਿਉਂ ਮਨਾਇਆ ਜਾਂਦਾ ਹੈ।

ਕਰਮ ਸਿੰਘ ਹਿਸਟੋਰੀਅਨ ਅਨੁਸਾਰ ਨਿਰੰਜਨੀਆਂ ਨੇ ਗੁਰੂ ਜੀ ਤੇ ਕਈ ਦੂਸ਼ਨ ਅਰੋਪੇ ਸਨ। ਕੱਤਕ ਪੂਰਨਮਾਸ਼ੀ ਵਿਚ ਪ੍ਰਕਾਸ਼ ਦਿਵਸ ਮਨਾਉਣ ਦਾ ਇਕ ਕਾਰਨ ਨਿਰੰਜਣੀਆਂ ਵਲੋਂ ਗੁਰੂ ਜੀ ਨੂੰ ਨੀਵਾਂ ਦਰਸਾਉਂਣ ਦਾ ਹਿੱਸਾ ਦੱਸਿਆ ਗਿਆ ਹੈ। ਕੱਤਕ ਪੂਰਨਮਾਸ਼ੀ ਅਵਤਾਰ ਦਿਵਸ ਲਿੱਖਣ ਪਿਛੇ ਪੰਜਾਬ ਵਿਚ ਉਸ ਸਮੇ ਦਾ ਪ੍ਰਸਿੱਧ ਭਰਮ ਦਾ ਸਹਾਰਾ ਲਿਆ ਜਾਪਦਾ ਹੈ। ਕਿਉਂਕਿ ਭਾਦਰੋਂ ਜਾਂ ਕੱਤਕ ਜਨਮੇ ਬਾਲਕ ਨੂੰ ਅਸ਼ੁਭ ਮੰਨ ਕੇ ਘਰੋਂ ਕੱਢ ਦਿਤਾ ਜਾਂਦਾ ਸੀ ਜਾਂ ਬਹੁਤੀ ਵਾਰ ਪੰਡਤ ਨੂੰ ਸਮਰਪਣ ਕਰ ਕੇ ਫਿਰ ਮੁੱਲ ਦੇ ਕੇ ਉਸ ਪਾਸੋਂ ਖਰੀਦ ਲੈਂਦੇ ਸਨ। ਇਸ ਤਰ੍ਹਾਂ ਕਰਨ ਨਾਲ ਉਸ ਬਾਲਕ ਦੀ ਅਸ਼ੁਧਤਾ ਚਲੀ ਗਈ ਮੰਨ ਲੈਂਦੇ ਸਨ। ਕੀ ਬਾਲੇ ਵਾਲੀ ਸਾਖੀ ਵਿਚ ਕੱਤਕ ਪੂਰਨਮਾਸ਼ੀ ਅਵਤਾਰ ਦਿਵਸ ਲਿੱਖਣ ਪਿਛੇ ਇਹੀ ਮੰਤਵ ਸੀ। ਭਾਂਵੇਂ ਕਿ ਗੁਰੂ ਜੀ ਨੂੰ ਘਰੋਂ ਕੱਢਣ ਜਾਂ ਵਾਪਸ ਖਰੀਦਣ ਬਾਰੇ ਕਿਤੇ ਵੀ ਨਹੀਂ ਵਰਨਣ ਨਹੀਂ ਮਿਲਦਾ।

ਪ੍ਰਸਿਧ ਇਤਿਹਾਸਕਾਰ ਮੈਕਾਲਿਫ ਦੀ ਖੋਜ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇੱਕ ਗਿਆਨੀ ਸੰਤ ਸਿੰਘ ਹੋਏ ਸਨ ਜੋ ਕਿ ਅਮ੍ਰਿਤਸਰ ਵਿੱਚ ਰਹਿੰਦੇ ਸਨ। ਉਨ੍ਹਾਂ ਅਨੁਸਾਰ ਕੱਤਕ ਪੂਰਨਮਾਸ਼ੀ ਨੂੰ ਰਾਮ ਤੀਰਥ ਦਾ ਮੇਲਾ ਹੋਣ ਕਰਕੇ ਸਾਰੇ ਸਿੱਖ ਓਧਰ ਚਲੇ ਜਾਂਦੇ ਸਨ। ਸੋ ਉਧਰੋਂ ਹਟਾਉਣ ਵਾਸਤੇ ਗਿਆਨੀ ਜੀ ਨੇ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਗੁਰੂ ਜੀ ਦੇ ਪਰਗਟ ਹੋਣ ਦਾ ਗੁਰਪੁਰਬ ਮਨਾਉਣਾ ਅਰੰਭ ਕੀਤਾ। ਉਨ੍ਹਾਂ ਨੂੰ ਇਹ ਵੀ ਗੱਲ ਚੁਭਦੀ ਸੀ ਕਿ ਰਾਮ ਤੀਰਥ ਨੂੰ ਜ਼ਕਰੀਆ ਖਾਨ ਨੇ ਮੁੜ ਇਸ ਲਈ ਵਸਾਇਆ ਸੀ ਕਿਉਂਕਿ ਉਹ ਸਿੱਖਾਂ ਦਾ ਬਹੁਤ ਦੋਖੀ ਸੀ। ਕਹਿੰਦੇ ਹਨ ਕਿ ਭਾਈ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਹਮਤੀ ਦੇ ਨਾਲ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਨੂੰ ਅਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰਵਾਇਆ। ਨਨਕਾਣਾ ਸਾਹਿਬ ਵਿਚ ਕੱਤਕ ਪੂਰਨਮਾਸ਼ੀ ਨੂੰ ਗੁਰਪੁਰਬ ਮਨਾਉਣਾਂ 1925 ਵਿਚ ਆਰੰਭ ਹੋਇਆ।

(ਬਾਕੀ ਅਗਲੇ ਪਰਚੇ ਵਿਚ)

# HERITAGE

## ਵਿਦੇਸ਼ੀ ਵਿਦਿਆਰਥੀਆਂ ਵੱਲੋਂ ਵਰਕ ਪਰਮਿਟ ਵਧਾਉਣ ਦੀ ਅਪੀਲ



ਬੀਤੇ ਦਿਨੀਂ ਸਸਕੈਚਵਨ ਵਿੱਚ ਕੰਮ ਕਰ ਰਹੇ ਪੰਜਾਬੀਆਂ ਇੰਟਰਨੈਸ਼ਨਲ ਸਟੂਡੈਂਟਸ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਕਿਨਾਰੇ ਹੈ, ਨੇ ਲੈਜਿਸਲੇਟਰ ਪਹੁੰਚ ਕੇ ਪ੍ਰਦਰਸ਼ਨ ਕਰਦਿਆਂ ਪ੍ਰੋਵਿੰਸ਼ੀਅਲ ਸਰਕਾਰ ਤੋਂ ਵਰਕ ਪਰਮਿਟ ਦੀ ਮਿਆਦ ਵਧਾਉਣ ਦੀ ਅਪੀਲ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੇ ਸੂਬੇ (ਪ੍ਰੋਵਿੰਸ) ਦੇ ਐੱਮਐੱਲਏਜ਼ ਨੂੰ ਇਸ ਮਸਲੇ ਤੋਂ ਜਾਣੂ ਕਰਾਇਆ ਗਿਆ। ਜ਼ਿਕਰਯੋਗ ਹੈ ਕੈਨੇਡਾ ਵਿੱਚ ਵਰਕ ਪਰਮਿਟ ਹੋਲਡਰਜ਼ ਦੇ ਸਟੇਟਸ ਨੂੰ ਧਿਆਨ ਵਿੱਚ ਰੱਖਦਿਆਂ ਫੈਡਰਲ ਸਰਕਾਰ ਵੱਲੋਂ ਇਕ ਪਾਲਿਸੀ ਲਿਆਂਦੀ ਗਈ ਸੀ, ਜਿਸ ਵਿੱਚ ਸੂਬਿਆਂ (ਪ੍ਰੋਵਿੰਸ) ਵੱਲੋਂ ਸਿਫ਼ਾਰਿਸ਼ ਕੀਤੇ ਜਾਣ ’ਤੇ ਪੀਆਰ ਦੀ ਅਰਜ਼ੀ ’ਤੇ ਕੋਈ ਫ਼ੈਸਲਾ ਆਉਣ ਤੱਕ ਬਿਨੈਕਾਰਾਂ ਨੂੰ ਵਰਕ ਪਰਮਿਟ ਮਿਲ ਸਕਦਾ ਹੈ। ਇਸ ਪਾਲਿਸੀ ਤਹਿਤ ਵੱਖ ਵੱਖ ਸੂਬਿਆਂ (ਪ੍ਰੋਵਿੰਸਜ਼) ਨੇ ਇਸ ਵਿੱਚ ਭਾਗ ਲੈਣਾ ਸੀ, ਪਰ ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ ਅਨੁਸਾਰ ਹੁਣ ਤੱਕ ਸਿਰਫ਼ ਮੈਨੀਟੋਬਾ ਅਤੇ ਯੂਕੋਨ ਹੀ ਇਸ ਵਿੱਚ ਭਾਗ ਲੈ ਰਹੇ ਹਨ। ਇਸ ਕਾਰਨ ਹੋਰਨਾਂ ਸੂਬਿਆਂ ਦੇ ਬਿਨੈਕਾਰ ਇਸ ਪਾਲਿਸੀ ਦਾ ਲਾਭ ਤੋਂ ਵਾਂਝੇ ਹਨ। ਇਨ੍ਹਾਂ ਬਿਨੈਕਾਰਾਂ ਦਾ ਕਹਿਣਾ ਹੈ ਕਿ ਪੀਆਰ ਨਾ ਹੋਣ ਅਤੇ ਵਰਕ ਪਰਮਿਟ ਮੁੱਕਣ ਦੀ ਮਿਆਦ ਨੇੜੇ ਆਉਣ ਦੇ ਕਾਰਨ ਉਹ ਭਵਿੱਖ ਚਿੰਤਤ ਹਨ। ਉਨ੍ਹਾਂ ਮੁਤਾਬਿਕ ਪ੍ਰੋਵਿੰਸ਼ੀਅਲ ਸਰਕਾਰ ਇਸ ਮਾਮਲੇ ਵਿੱਚ ਕੋਈ ਫ਼ੈਸਲਾ ਲੈ ਕੇ ਵਰਕ ਪਰਮਿਟ ਦੇ ਵਾਧੇ ਦਾ ਮਸਲਾ ਹੱਲ ਕਰ ਸਕਦੀ ਹੈ, ਜਿਸ ਨਾਲ ਉਹ ਸੂਬੇ ਦੀ ਆਰਥਿਕ ਤਰੱਕੀ ਵਿੱਚ ਯੋਗਦਾਨ ਪਾ ਸਕਦੇ ਹਨ।

◆◆◆◆◆

### Celebrating Global Academic Excellence...

(MD, Simco), S. D.P. Singh Ji (Mississauga), S. Inderjeet Singh Ji (Patiala), S. Baltej Singh Ji (Delhi), S. Gujinder Singh Ji (Long Island).

We were also honoured by the presence of Sdn. Amarjeet Kaur Ji, Sdn. Saroj Kaur Ji, and Sdn. Rajinder Kaur Ji, whose words of encouragement added warmth to the occasion. This initiative not only acknowledged academic excellence but also aimed to inspire the next generation of youth to walk the path of success while staying deeply rooted in values of hard work, humility, and character. We wish all the students a very bright and fulfilling future ahead.

- **Paramdeep Kaur**, Founder Param's Creative

## S. Jaswinder Singh Honoured for 'Educate Punjab' Efforts



In a proud moment for the Punjabi community, S. Jaswinder Singh was awarded a prestigious Certificate of Recognition by the Deputy Mayor of Brampton, Ontario, in honour of his outstanding contributions to the Educate Punjab initiative. The Deputy Mayor praised Singh's efforts, stating, "S. Jaswinder Singh has shown what true community leadership looks like. His commitment to empowering the youth of Punjab through education is an inspiration for all." Educate Punjab is a grassroots movement aimed at uplifting the educational standards in rural areas of Punjab, providing resources to students who lack access to quality education. The event was attended by community leaders, educators, and dignitaries, marking a significant milestone in the journey of Educate Punjab.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਉਜਾਗਰ ਹੋਏ ਸ਼ਬਦ ਦਾ ਕੀ ਅਰਥ ਹੈ?**
   **ਹਰਿ ਕਾ ਨਾਮੁ ਜਪਤ ਆਘਾਵੈ॥**

   a. Passes through (ਪਾਰ ਲੰਘ ਜਾਂਦਾ ਹੈ)
   b. Remove (ਦੂਰ ਕਰ ਦੇਂਦਾ ਹੈ)
   c. Gets absorbed (ਸਮਾ ਜਾਂਦਾ ਹੈ)
   d. Contented (ਰੱਜ ਜਾਂਦਾ ਹੈ)

2. **ਵੰਡ ਤੋਂ 75 ਸਾਲ ਬਾਅਦ, ਕਿਸ ਦੇਸ਼ ਦੀ ਸਰਕਾਰ ਨੇ ਦਸੰਬਰ 2022 ਵਿੱਚ ਘੋਸ਼ਣਾ ਕੀਤੀ ਕਿ ਉਸਦੇ ਮਰਦਮਸ਼ੁਮਾਰੀ ਫਾਰਮਾਂ ਵਿੱਚ ਸਿੱਖਾਂ ਨੂੰ ਇੱਕ ਵੱਖਰੇ ਭਾਈਚਾਰੇ ਵਜੋਂ ਮਾਨਤਾ ਦੇਣ ਵਾਲੇ ਸਿੱਖਾਂ ਲਈ ਇੱਕ ਕਾਲਮ ਹੋਵੇਗਾ?**

   a. India (ਇੰਡੀਆ) b. Pakistan (ਪਾਕਿਸਤਾਨ)
   c. Canada (ਕੈਨੇਡਾ) d. England (ਇੰਗਲੈਂਡ)

3. **2022–2026 ਤੱਕ ਚਾਰ ਸਾਲਾਂ ਦੀ ਮਿਆਦ ਲਈ ਕੈਨੇਡਾ ਦੇ ਬਰੈਂਪਟਨ ਸ਼ਹਿਰ ਦੇ ਡਿਪਟੀ ਮੇਅਰ ਵਜੋਂ ਨਿਯੁਕਤ ਹੋਣ ਵਾਲਾ ਪਹਿਲਾ ਦਸਤਾਰਧਾਰੀ ਸਿੱਖ ਕੌਣ ਬਣਿਆ ਹੈ?**

   a. Harpreet Singh (ਹਰਪ੍ਰੀਤ ਸਿੰਘ)
   b. Harkirat Singh (ਹਰਕੀਰਤ ਸਿੰਘ)
   c. Gurpreet Singh (ਗੁਰਪ੍ਰੀਤ ਸਿੰਘ)
   d. Navjot Singh (ਨਵਜੋਤ ਸਿੰਘ)

(ਦੇਖੋ ਉੱਤਰ ਪੰਨਾ 4 ’ਤੇ)

## Sikhs in Scotland Origin, Progress & Presence

### Origin

The Sikh presence in Scotland began in the early 20th century, with the first significant wave of migration occurring post-World War II, primarily during the 1950s and 1960s. Many Sikhs arrived from Punjab (India) via England, seeking better economic opportunities and a peaceful life in a new land. Early migrants found work in manufacturing, transport, textile, and steel industries, particularly in cities like Glasgow, Edinburgh, and Dundee.

### Progress

Over the decades, the Sikh community in Scotland has made remarkable progress:

- Economic Upliftment: From blue-collar jobs to entrepreneurship and professional sectors, many Sikhs have established successful businesses and careers in law, medicine, education, and public service.
- Education: The younger generation of Sikhs in Scotland has excelled academically, contributing significantly to various sectors across the country.
- Civic Engagement: Scottish Sikhs actively participate in public life, with individuals serving as councillors, community leaders, and police officers. In 2021, Pam Gosal became the first Sikh woman elected to the Scottish Parliament.
- Interfaith and Community Work: Sikh organisations have played a vital role in promoting interfaith dialogue, charity work, and humanitarian services, particularly through Langar (community kitchen) initiatives during crises like COVID-19.

### Presence Today

Scotland is home to an estimated 10,000–12,000 Sikhs, making it a small but vibrant community. Major cities such as Glasgow, Edinburgh, Dundee, and Aberdeen host Gurdwaras (Sikh temples) that serve as religious and cultural hubs. Notable Gurdwaras include: Gurdwara Guru Granth Sahib (Glasgow), Guru Nanak Gurdwara (Edinburgh).

Sikhs in Scotland are known for upholding their faith while integrating harmoniously into Scottish society. Events like Vaisakhi parades, interfaith festivals, and educational outreach programmes continue to enhance awareness about Sikh values of equality, service, and justice. ◆◆

## Sikh Coalition Addresses English Proficiency Rules

The Sikh Coalition has raised concerns with the U.S. Department of Transportation over new English proficiency rules for commercial truck drivers, warning they could unfairly impact Sikh immigrant drivers. The group urged the Department to provide support like language education and clear re-entry paths for affected drivers. While the Department has not yet responded, the Coalition remains committed to defending the rights of all workers, regardless of language background.

◆◆◆◆◆




## SIKH MATRIMONIALS

Suitable match for gursikh boy, July 98 born/5'10" Working as a manager since 2022/Graduate in Marketing management from KPU(Kwantlan Politechnic University)/Vancouver Canada/Phone - 9953223721

Gursikh Boy 32/5'9"/PHD in Civil engineering, Canada/Research Associate, Concordia University, Montreal/ Contact Father +91 98111 32504

Suitable match for Gursikh girl with strong roots in Sikhi 27 /5'5" Graduated from New York Institute of Technology College of Osteopathic Medicine. Contact +91 98997 07357

Gursikh Boy 29/5'8"/ Working in EY,UK/52K GBP/ Masters in Actuarial Management from City Univ. Of London. Contact 9810197878

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. B 3. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555